ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸਿੰਡੀਕੇਟ ਨੇ ਆਪਣੀ ਇਕੱਤਰਤਾ ਮਿਤੀ 26-03-2012 ਦੇ ਪੈਰ੍ਹਾ 57 ਰਾਹੀਂ ਹੇਠ ਅਨੁਸਾਰ ਫੈਸਲਾ ਕੀਤਾ ਹੈ :

ਪਾਸ ਹੋਇਆ ਕਿ ਕੈਰੀ ਆਨ ਸਿਸਟਮ ਅਧੀਨ ਯੂਨੀਵਰਸਿਟੀ ਕੈਂਪਸ ਅਤੇ ਰਿਜਨਲ ਕੈਂਪਸਸ ਵਿਖੇ ਪੜ੍ਹ ਰਹੇ ਅਜਿਹੇ ਵਿਦਿਆਰਥੀ ਜਿਹਨਾਂ ਦੀ ਪਹਿਲੇ ਸਮੈਸਟਰ ਵਿੱਚ ਰੀ-ਅਪੀਅਰ ਹੈ, ਨੂੰ 20,000/- ਰੁ ਜੁਰਮਾਨਾ ਫੀਸ ਅਤੇ ਬਣਦੀ ਹੋਰ ਫੀਸ ਨਾਲ ਰੀ-ਅਪੀਅਰ ਪਾਸ ਕਰਨ ਲਈ, ਮਈ 2012 ਵਿੱਚ ਹੋ ਰਹੀ ਛੇਵੇ ਸਮੈਸਟਰ ਦੀ ਪਰੀਖਿਆ ਨਾਲ ਅਪੀਅਰ ਹੋਣ ਲਈ ਇਕ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ ।

ਇਹ ਵੀ ਪਾਸ ਹੋਇਆ ਕਿ ਕੈਰੀ ਆਨ ਸਿਸਟਮ (non-credit based) ਅਧੀਨ 2 ਸਾਲ ਤੋਂ ਵਧੀਕ ਵਾਲੇ ਸਾਰੇ ਕੋਰਸ, ਜਿਹਨਾਂ ਵਿੱਚ ਕਿਸੇ ਵਿਦਿਆਰਥੀ ਦੀ ਰੀ-ਅਪੀਅਰ ਹੈ ਅਤੇ ਨਿਯਮਾਂ ਅਨੁਸਾਰ ਉਸਦੇ ਬਣਦੇ ਸਾਰੇ ਮੌਕੇ ਖਤਮ ਹੋ ਚੁਕੇ ਹਨ, ਨੂੰ Odd Semester ਦੀ Even Semester ਨਾਲ ਅਤੇ Even Semester ਦੀ Odd Semester ਨਾਲ ਪਰੀਖਿਆ ਦੇਣ ਲਈ 20,000/- ਰੁ ਜੁਰਮਾਨਾ ਫੀਸ ਅਤੇ ਬਣਦੀ ਹੋਰ ਫੀਸ ਨਾਲ ਵਿਸ਼ੇਸ਼ ਤੌਰ ਤੇ ਸਹੂਲਤ ਦਿੱਤੀ ਜਾਂਦੀ ਹੈ । ਇਹ ਸਹੂਲਤ ਵਰਤਮਾਨ ਕੈਰੀ ਆਨ ਸਿਸਟਮ ਅਧੀਨ ਕੋਰਸਾਂ ਵਿੱਚ ਦਾਖਲ ਵਿਦਿਆਰਥੀਆਂ ਦੇ ਕੋਰਸਾਂ ਦੀ ਨਿਯਮਾਂ ਅਨੁਸਾਰ ਬਣਦੀ ਮਿਆਦ ਖਤਮ ਹੋਣ ਤੱਕ ਹੀ ਹੋਵੇਗੀ । ਇਹ ਨਿਰਣਾ ਸਾਰੇ ਕੈਂਪਸਾਂ / ਕਾਲਜਾਂ ਤੇ ਲਾਗੂ ਹੋਵੇਗਾ ।

ਸਹੀ/- ਪ੍ਰੋਫੈਸਰ ਇੰਚਾਰਜ ਪਰੀਖਿਆਵਾਂ

20-04-2012